# ਵਰਖ ਅਤੇ ਵਰਖਾ

ਜੂਨ ਵਾਲੇ ਰੱਥ ਫ਼ਿਰਨ ਦਾ ਸਿੱਧਾ ਸੰਬੰਧ ਵਰਖਾ ਰੁੱਤ ਨਾਲ ਹੈ,ਭਾਵ ਇਸ ਦਿਨ ਸਾਵਨ ਮਹੀਨੇ ਦੀ ਆਰੰਭਤਾ ਹੋਣੀ ਚਾਹੀਦੀ ਹੈ,ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਵਿੱਚ 'ਰੱਥ ਫਿਰੈ' ਦਾ ਜੋ ਜ਼ਿਕਰ ਕੀਤਾ ਹੈ ਉਸ ਦਾ ਭਾਵ ਏਹੀ ਹੈ ਕਿ ਸਾਡੇ ਸਾਲ/ਵਰਖ ਦੀ ਲੰਮਾਈ ਓਹ ਹੋਣੀ ਚਾਹੀਦੀ ਹੈ ਕਿ,ਇਸ ਵਰਤਾਰੇ ਵਾਲੇ ਦਿਨ ਸਾਡਾ ਸਾਵਨ ਮਹੀਨਾ ਸ਼ੁਰੂ ਹੋਵੇ।ਭਾਵ ਵਰਖ ਦੀ ਲੰਮਾਈ ਵਰਖਾ ਤੋਂ ਵਰਖਾ ਤੱਕ ਦੀ ਹੋਣੀ ਚਾਹੀਦੀ ਹੈ,ਸੋ ਇਸ ਸਮਨਵੈ ਨੂੰ ਲਗਾਤਾਰ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਰੁੱਤਾਂ ਦੇ ਅਨੁਕੂਲ ਸਾਲ ਨੂੰ ਅਪਣਾਉਣਾ ਕਰੀਏ।੬ ਵੀਂ ਸ਼ਤਾਬਦੀ ਵਿੱਚ ਜਦੋਂ ਰੱਥ ਫਿਰਦਾ ਸੀ ਬਿਕ੍ਰਮੀ ਸੰਬਤਿ ਦਾ ੧ ਸਾਵਨ ਹੁੰਦਾ ਸੀ,੧੬ ਵੀਂ ਸ਼ਤਾਬਦੀ ਵਿੱਚ ਤਕਰੀਬਨ ੧੫ ਦਿਨ ਪਿੱਛੇ ਖਿਸਕ ਕੇ ੧੬ ਹਾੜ੍ਹ ਹੋ ਗਈ ਸੀ ਅਤੇ ਹੁਣ  ਇਸ ਵਰਤਾਰੇ ਦੀ ਘਟਨਾ ਬਿਕ੍ਰਮੀ ਸੰਬਤਿ ਦੇ ਹਿਸਾਬ ਨਾਲ ੭-੮ ਹਾੜ੍ਹ ਤਕਰੀਬਨ ੨੪ ਦਿਨ ਪਹਿਲਾਂ ਹੋ ਰਹੀ ਹੈ, ਅਗਲੀਆਂ ੯ ਸ਼ਤਾਬਦੀਆਂ ਵਿੱਚ ਇਹ ਹੋਰ ੧੨-੧੩ ਦਿਨ ਪਿੱਛੜ ਜਾਣਗੀਆਂ, ਜਿਸਦਾ ਕਾਰਣ ਬਿਕ੍ਰਮੀ ਸੰਬਤਿ ਦਾ ,ਰੁੱਤੀ ਕੈਲੰਡਰ ਨਾਲੋਂ ੨੦ ਮਿਨਟ ਬੜਾ ਹੋਣਾ ਹੈ।ਸਦੀ ਤੋਂ ਵਧ ਦਾ ਸਮਾਂ ਬਿਕ੍ਰਮੀ ਦੀਆਂ ਤਾਰੀਖਾਂ ਨੂੰ ਪਿਛੜਣ ਤੋਂ ਰੋਕਣ ਦਾ ਉਪਰਾਲਾ ਕਰਨ ਵਿਚ ਸਿੱਖ ਪੰਥ ਲੱਗਾ ਰਿਹਾ ਪਰ ਇਹ ਗੁੰਝਲਦਾਰ ਗੁੱਥੀ ਨਾ ਸੁਲਝੀ।ਸ੍. ਪਾਲ ਸਿੰਘ ਪੁਰੇਵਾਲ ਜੀ ਨੇ ਇਹ ਕੱਮ ੩੦੦ ਸਾਲਾ ਖਾਲਸਾ ਸਾਜਨਾ ਦਿਵਸ ੧੯੯੯ ਨੂੰ ਇਕ ਤਕਨੀਕੀ  ਨਾਨਕਸ਼ਾਹੀ ਕੈਲੰਡਰ ਕੌਮ ਨੂੰ ਸੌਂਪ ਕੇ ਨਜਿੱਠ ਦਿੱਤਾ। ਪਿੱਛੜੇ ਹੋਏ ੨੪ ਦਿਨਾਂ ਦਾ ਕੋਈ ਹੱਲ ਨਾ ਹੋਣ ਕਰਕੇ ਉਹ ਉਸੇ ਤਰ੍ਹਾਂ ਹੀ ਰਹਿਣ ਦਿੱਤੇ ਗਏ ਅਤੇ ਅੱਗੇ ਲਈ ਇਹ ਨਿਸ਼ਚਿਤ ਕਰ ਦਿੱਤਾ ਕਿ ਰੁੱਤਾਂ ਦਾ ਅਤੇ ਨਾਨਕਸ਼ਾਹੀ ਕੈਲੰਡਰ ਦਾ ਫ਼ਰਕ ਜੋ ਅੱਜ ਹੈ , ਅੱਗੋਂ ਓਹ ਫਾਸਲਾ ਹੋਰ ਨਹੀਂ ਵਧੇਗਾ।ਫ਼ੈਸਲਾ ਸਿੱਖ ਕੌਮ ਨੇ ਕਰਨਾ ਹੈ ਕਿ ਅਸੀਂ ਕਦ ਤੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਣਾਉਣਾ ਹੈ।

| JUNE SOLSTICE -DATA | | |
|---|---|---|
| **20 JUNE 501 JULIAN** | **1 SAWAN,558 BK** | |
| 20 JUNE 601 JULIAN | 32 HARH,658 BK | |
| 19 JUNE 701 JULIAN | 30 HARH,758 BK | |
| 18 JUNE 801 JULIAN | 28 HARH,858 BK | |
| 17 JUNE 901 JULIAN | 26 HARH,958 BK | |
| 16 JUNE 1001 JULIAN | 24 HARH,1058 BK | |
| 15 JUNE 1101 JULIAN | 22 HARH,1158 BK | |
| **15 JUNE 1201 JULIAN** | **21 HARH,1258 BK** | |
| 14 JUNE 1301 JULIAN | 19 HARH,1358 BK | |
| 13 JUNE 1401 JULIAN | 18 HARH,1458 BK | |
| 12 JUNE 1501 JULIAN | 16 HARH,1558 BK | |
| 11 JUNE 1601 JULIAN | 14 HARH,1658 BK | |
| 10 JUNE 1701 JULIAN | 12 HARH ,1758 BK | |
| **21 JUNE 1801 GREGORIAN** | **10 HARH,1858 BK** | |
| 22 JUNE 1901 GREGORIAN | 9 HARH,1958 BK | |
| 21 JUNE 2001 GREGORIAN | 8 HAARH,2058 BK | 7 HARH,533 NS |
| **21 JUNE 2101 GREGORIAN** | **6 HARH,2158 BK** | **7 HARH,633 NS** |
| 21 JUNE 2201 GREGORIAN | 4 HARH,2258 BK | 7 HARH,733 NS |
| 21 JUNE 2301 GREGORIAN | 3 HARH,2358 BK | 7 HARH,833 NS |
| 21 JUNE 2401 GREGORIAN | 2 HARH,2458 BK | 7 HARH,933 NS |
| 21 JUNE 2501 GREGORIAN | 32 JETH,2558 BK | 7 HARH,1033 NS |
| 21 JUNE 2601 GREGORIAN | 30 JETH,2658 BK | 7 HARH,1133 NS |
| 21 JUNE 2701 GREGORIAN | 28 JETH,2758 BK | 7 HARH,1233 NS |
| 20 JUNE 2801 GREGORIAN | 27 JETH,2858 BK | 6 HARH,1333 NS |
| 20 JUNE 2901 GREGORIAN | 25 JETH,2958 BK | 6 HARH,1433 NS |

ਹਰਿੰਦਰ ਸਿੰਘ